# ਪੰਜਾਬ ਸਕੂਲ ਸਿੱਖਿਆ ਬੋਰਡ

# Help for Online Registration of School

# ਸਕੂਲ ਨੂੰ ਆਨਲਾਈਨ ਰਜਿਸਟਰ ਕਰਨ ਸਬੰਧੀ ਸਹਾਇਤਾ

(ਆਨਲਾਈਨ ਰਜਿਸਟਰੇਸ਼ਨ/ਕੰਟੀਨਿਊਏਸ਼ਨ ਕਰਨ ਸਬੰਧੀ ਹਦਾਇਤਾਂ, ਸਹਾਇਤਾ, ਸ਼ਡਿਊਲ, ਫੀਸਾਂ ਦੇ ਵੇਰਵੇ ਅਤੇ ਹੋਰ ਜਾਣਕਾਰੀ ਬੋਰਡ ਦੀ ਵੈੱਬ ਸਾਈਟ www.pseb.ac.in ਦੇ Registration Section ਤੇ ਚੈੱਕ ਕੀਤੀ ਜਾਵੇ)

## Online Submission of Details of Students for Registration (2013-14)

Helpline No : 0172-3047160/463
E-Mail: **helpdeskpseb@gmail.com**

ਸਕੂਲ ਨੂੰ ਬੋਰਡ ਦੀ ਵੈੱਬ ਸਾਈਟ ਤੇ ਰਜਿਸਟਰਡ ਕਰਨ ਲਈ ਹੇਠ ਲਿਖੇ ਸਟੈੱਪ ਹਨ :

1. ਬੋਰਡ ਦੀ ਵੈੱਬ ਸਾਈਟ www.pseb.ac.in ਖੋਲੋ ਅਤੇ ਖੱਬੇ ਹੱਥ ਦਿੱਤੇ ਲਿੰਕ Registration Section ਤੇ ਕਲਿੱਕ ਕਰੋ।




2 Registration Section ਵਿੱਚ ਦਿੱਤੇ ਲਿੰਕ Register for Online Registration ਤੇ ਕਲਿੱਕ ਕਰੋ :




3. ਆਪ ਜੀ ਨੂੰ ਰਜਿਸਟਰਡ ਪੱਤਰ ਰਾਹੀਂ User Name ਅਤੇ Password ਭੇਜਿਆ ਗਿਆ ਹੈ, ਹੇਠਾਂ ਦਿੱਤੇ ਚਿੱਤਰ ਵਾਂਗ ਦਿੱਤੇ ਖਾਨਿਆਂ ਵਿੱਚ ਭਰੋ।



4. ਆਪਣਾ ਪੁਰਾਣਾ ਅਤੇ ਨਵਾਂ ਪਾਸਵਰਡ ਭਰ ਕੇ ਪਾਸਵਰਡ ਬਦਲ ਲਵੋ।




5. ਆਪਣਾ ਸਕੂਲ ਦਾ ਰਜਿਸਟਰਡ ਈ. ਮੇਲ ਭਰੋ ਅਤੇ Submit ਤੇ ਕਲਿੱਕ ਕਰੋ। Submit ਕਰਨ ਉਪਰੰਤ ਇੱਕ ਵੈਰੀਫਿਕੇਸ਼ਨ ਲਿੰਕ ਤੁਹਾਡੀ ਈ. ਮੇਲ ਆਈ.ਡੀ. ਦੇ Inbox ਵਿੱਚ ਆ ਜਾਏਗਾ। ਇਸ ਖਾਨੇ ਵਿੱਚ ਪ੍ਰਿੰਸੀਪਲ ਜਾਂ ਕਿਸੇ ਸਬੰਧਤ ਕਰਮਚਾਰੀ/ਅਧਿਕਾਰੀ ਦਾ ਪਰਸਨਲ ਈ.ਮੇਲ ਨਾਂ ਭਰਿਆ ਜਾਵੇ, ਕੇਵਲ ਸਕੂਲ ਦਾ ਦਫਤਰੀ ਈ.ਮੇਲ ਹੀ ਭਰਿਆ ਜਾਵੇ। ਬੋਰਡ ਵੱਲੋਂ ਲੋੜ ਪੈਣ ਤੇ ਸਕੂਲ ਨਾਲ ਸਬੰਧਤ ਜਾਣਕਾਰੀ ਭੇਜਣ ਅਤੇ ਸੰਪਰਕ ਕਰਨ ਆਦਿ ਲਈ ਤੁਹਾਡੀ ਇਸੇ ਈ. ਮੇਲ ਆਈ.ਡੀ. ਨੂੰ ਹੀ ਵਰਤਿਆ ਜਾਇਆ ਕਰੇਗਾ।




6. ਆਪਣੀ ਈ.ਮੇਲ ਖੋਲ ਕੇ ਵੈਰੀਫਿਕੇਸ਼ਨ ਲਿੰਕ ਤੇ ਕਲਿੱਕ ਕਰੋ। ਕਲਿੱਕ ਕਰਨ ਉਪਰੰਤ ਇੱਕ ਨਵਾਂ ਵੈੱਬ ਪੇਜ਼ ਖੁੱਲ ਜਾਵੇਗਾ। ਇੱਥੇ ਮੁੜ ਤੋਂ Login ਕਰੋ।






7. ਸਕੂਲ ਨਾਲ ਸਬੰਧਤ ਜਾਣਕਾਰੀ ਦਿੱਤੇ ਹੋਏ ਖਾਨਿਆਂ ਵਿੱਚ ਅਪਡੇਟ ਕਰੋ। ਸਕੂਲ ਦਾ ਪੂਰਾ ਪਤਾ ਅੰਗਰੇਜੀ ਅਤੇ ਪੰਜਾਬੀ ਵਿੱਚ ਅਪਡੇਟ ਕਰ ਲਓ। Submit ਬਟਨ ਤੇ ਕਲਿੱਕ ਕਰੋ। ਤੁਹਾਡੇ ਸਕੂਲ ਦੀ ਜਾਣਕਾਰੀ ਅਪਡੇਟ ਹੋ ਜਾਵੇਗੀ।




ਹੁਣ ਤੁਸੀਂ ਪ੍ਰੀਖਿਆਰਥੀਆਂ ਦੀ ਆਨਲਾਈਨ ਰਜਿਸਟਰੇਸ਼ਨ ਕਰਨ ਲਈ ਸਫਲਤਾਪੂਰਵਕ ਰਜਿਸਟਰਡ ਹੋ ਗਏ ਹੋ। ਪ੍ਰੀਖਿਆਰਥੀ ਦੀ ਆਨਲਾਈਨ ਰਜਿਸਟ੍ਰੇਸ਼ਨ ਮਿਤੀ 24 ਮਈ 2013 ਤੋਂ ਸ਼ੁਰੂ ਹੋਵੇਗੀ। ਸਕੂਲ ਨੂੰ ਆਨਲਾਈਨ ਰਜਿਸਟਰ ਕਰਨ ਲਈ User ID ਅਤੇ Password ਤੁਹਾਨੂੰ ਰਜਿਸਟਰਡ ਪੱਤਰ ਰਾਹੀਂ ਭੇਜ ਦਿੱਤੇ ਗਏ ਹਨ। ਸਕੂਲ ਮੁੱਖੀ ਜਾਂ ਸਕੂਲ ਮੁੱਖੀ ਵੱਲੋਂ ਅਧਿਕਾਰਤ ਕਰਮਚਾਰੀ/ਅਧਿਕਾਰੀ ਆਪਣਾ User ID ਅਤੇ Password ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਵੀ ਪ੍ਰਾਪਤ ਕਰ ਸਕਦੇ ਹਨ।

